IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਫ਼ਰੀਦ ਬਾਣੀ ਵਿਚਲਾ ਬਿੰਬ- ਵਿਧਾਨ

**ਹਰਪ੍ਰੀਤ ਸਿੰਘ ਦੂਆ (ਡਾ.)**

**ਐਸੋਸੀਏਟ ਪ੍ਰੋਫੈਸਰ**

**ਪੰਜਾਬੀ ਵਿਭਾਗ**

**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

ਬਾਬਾ ਫ਼ਰੀਦ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਸੂਫ਼ੀ ਕਵੀ ਹੈ ਜਿਸਦੀ ਰਚਨਾ ਆਦਿ ਗ੍ਰੰਥ ਵਿਚ 112 ਸਲੋਕਾਂ (ਪੰਨਾ 1377-1384) ਅਤੇ ਚਾਰ ਸ਼ਬਦਾਂ ਦੋ ਸ਼ਬਦ ਰਾਗ ਸੂਹੀ (ਪੰਨਾ 794) ਅਤੇ ਦੋ ਸ਼ਬਦ ਰਾਗ ਆਸਾ (ਪੰਨਾ 488) ਦੇ ਰੂਪ ਵਿਚ ਮਿਲਦੀ ਹੈ। ਬਾਬਾ ਫ਼ਰੀਦ ਦੀ ਬਾਣੀ ਵਿਚ ਵੱਖ ਵੱਖ ਬਿੰਬਾਂ ਦੀ ਚਿਤਰਮਾਲਾ ਸਾਹਮਣੇ ਆਉਂਦੀ ਹੈ। ਬਾਬਾ ਫ਼ਰੀਦ ਨੇ ਪ੍ਰਾਕਿਰਤੀ ਨੂੰ ਬੜਾ ਨੇੜਿਓਂ ਹੋ ਕੇ ਵੇਖਿਆ ਹੈ। ਪ੍ਰਾਕਿਰਤੀ ਦੇ ਹਰ ਕਾਰਜ ਨੂੰ ਮਹਿਸੂਸ ਕੀਤਾ ਅਤੇ ਮਾਣਿਆ। ਫ਼ਰੀਦ ਨੇ ਦੂਰ-ਦੂਰ ਤੱਕ ਸਫਰ ਕੀਤਾ। ਉਸਨੇ ਪ੍ਰਾਕਿਰਤੀ ਦੀ ਗੋਦੀ ਨੂੰ ਮਾਣਿਆ ਜੰਗਲਾਂ, ਜੂਹਾਂ, ਦਰਿਆਵਾਂ, ਪਸ਼ੂਆਂ, ਪੰਛੀਆਂ, ਨਦੀਆਂ, ਨਾਲਿਆਂ ਆਦਿ ਨਾਲ ਸਾਂਝ ਪਾਈ। ਇਸੇ ਪ੍ਰਾਕਿਰਤਕ ਅਨੁਭੂਤੀ ਨੂੰ ਕਵੀ ਨੇ ਅਧਿਆਤਮਕ ਭਾਵਾਂ ਦੀ ਅਭਿਵਿਅਕਤੀ ਦਾ ਸਾਧਨ ਬਣਾਇਆ। ਬਾਬਾ ਫ਼ਰੀਦ ਨੇ ਪ੍ਰਾਕਿਰਤਕ ਜੀਵਾਂ, ਨਦੀਆਂ, ਨਾਲਿਆਂ, ਬਿਰਛਾਂ ਦੇ ਕਾਰਜ ਨੂੰ ਵੇਖਿਆ ਤੇ ਮਹਿਸੂਸ ਕੀਤਾ ਕਵੀ ਨੇ ਜਿਥੇ ਕੁਦਰਤ ਵਿਚਲੀ ਸ਼ਾਂਤੀ ਨੂੰ ਚਿਤਰਿਆ ਹੈ। ਉਥੇ ਕੁਦਰਤ ਵਿਚ ਧੜਕਦੇ ਹੋਏ ਜੀਵਨ, ਇਸ ਵਿਚਲੀ ਹਿਲਜੁਲ ਤੇ ਤਰਲਤਾ ਨੂੰ ਵੀ ਰੂਪਮਾਨ ਕੀਤਾ ਹੈ। ਉਸਨੇ ਵਗਦੇ ਦਰਿਆ ਤੇ ਵਗਦੀਆਂ ਨਦੀਆਂ ਤੋਂ ਆਪਣੇ ਪਾਠਕ ਵਰਗ ਨੂੰ ਸਬਰ ਰਜ਼ਾ ਤੇ ਦੁੱਖ ਦੇ ਸੰਕਲਪ ਤੋਂ ਜਾਣੂੰ ਕਰਾਉਦਿਆਂ ਅਧਿਆਤਮਕ ਚੇਤਨਾ ਦਿੱਤੀ ਹੈ।

**Key Words:** ਬਾਬਾ ਫ਼ਰੀਦ, ਸੂਫ਼ੀ, ਬਿੰਬ, ਕਵਿਤਾ, ਪ੍ਰਾਕਿਰਤੀ, ਅਧਿਆਤਮਕ ਚੇਤਨਾ

ਬਾਬਾ ਫ਼ਰੀਦ ਪੰਜਾਬੀ ਦਾ ਪਹਿਲਾ ਪ੍ਰਮਾਣਿਕ ਸੂਫ਼ੀ ਕਵੀ ਹੈ ਜਿਸਦੀ ਰਚਨਾ ਆਦਿ ਗ੍ਰੰਥ ਵਿਚ 112 ਸਲੋਕਾਂ (ਪੰਨਾ 1377-1384) ਅਤੇ ਚਾਰ ਸ਼ਬਦਾਂ ਦੋ ਸ਼ਬਦ ਰਾਗ ਸੂਹੀ (ਪੰਨਾ 794) ਅਤੇ ਦੋ ਸ਼ਬਦ ਰਾਗ ਆਸਾ (ਪੰਨਾ 488) ਦੇ ਰੂਪ ਵਿਚ ਮਿਲਦੀ ਹੈ। ਬਾਬਾ ਫ਼ਰੀਦ ਦੀ ਬਾਣੀ ਵਿਚ ਵੱਖ ਵੱਖ ਬਿੰਬਾਂ ਦੀ ਚਿਤਰਮਾਲਾ ਸਾਹਮਣੇ ਆਉਂਦੀ ਹੈ। ਬਾਬਾ ਫ਼ਰੀਦ ਦੀ ਰਚਨਾ ਦੀ ਬਿੰਬਾਵਲੀ 'ਤੇ ਵਿਚਾਰ ਕਰਨ ਤੋਂ ਪਹਿਲਾਂ ਬਿੰਬ ਦੀ ਪਰਿਭਾਸ਼ਾ ਸਰੂਪ ਅਤੇ ਮਹੱਤਵ ਉੱਤੇ ਸੰਖੇਪ ਝਾਤ ਮਾਰਨੀ ਜ਼ਰੂਰੀ ਹੈ।

ਬਿੰਬ ਇਕ ਬਹੁਤ ਵਿਆਪਕ ਸ਼ਬਦ ਹੈ। ਸਮੁੱਚਾ ਮਨੁੱਖੀ ਜੀਵਨ ਅਤੇ ਕੁਦਰਤ ਦਾ ਹਰ ਕਾਰਜ ਇਸਦੀਆਂ ਹੱਦਾਂ ਵਿਚ ਆ ਜਾਂਦਾ ਹੈ। ਬਿੰਬ ਕਿਸੇ ਕਾਵਿ ਸਿਰਜਨਾ ਦਾ ਬੁਨਿਆਦੀ ਤੱਤ ਹੁੰਦਾ ਹੈ। ਵੱਖ ਵੱਖ ਵਿਦਵਾਨਾਂ ਨੇ ਇਸ ਨੂੰ ਵੱਖ ਵੱਖ ਤਰੀਕੇ ਨਾਲ ਪਰਿਭਾਸ਼ਿਤ ਕੀਤਾ ਹੈ । C.D. Lewis ਅਨੁਸਾਰ, "ਕਾਵਿਕ ਬਿੰਬ ਇਕ ਸ਼ਬਦ ਚਿਤਰ ਹੈ ਜੋ ਭਾਵ ਗਰਭਿਤ ਹੁੰਦਾ ਹੈ।"[1]

ਡਾ. ਸਤਿੰਦਰ ਸਿੰਘ ਬਿੰਬ ਸੰਬੰਧੀ ਵਿਚਾਰ ਕਰਦੇ ਲਿਖਦੇ ਹਨ:

ਬਿੰਬ, ਕਾਵਿ ਦਾ ਪ੍ਰਾਣ ਤੱਤ ਹੈ ਅਤੇ ਉਸਦਾ ਪ੍ਰਧਾਨ ਗੁਣ ਹੈ ਜਿਸਦਾ ਮਨੋਰਥ ਭਾਵ ਜਾਂ ਵਿਚਾਰ ਦਾ ਇੰਦ੍ਰਿਆਵੀ ਅਨੁਭਵ ਕਰਾਉਣਾ ਹੈ। ਬਿੰਬ ਅਮੂਰਤ ਭਾਵਾਂ ਨੂੰ ਪ੍ਰਗਟਾਉਣ ਦੀ ਇਕ ਪ੍ਰਣਾਲੀ ਹੈ। ਬਿੰਬ ਦਾ ਜਨਮ ਭਾਵ ਤੋਂ ਹੁੰਦਾ ਹੈ। ਭਾਵਾਂ ਨੂੰ ਬਿੰਬ ਰਾਹੀਂ ਹੀ ਸੰਵੇਦਨ ਯੋਗ ਬਣਾਇਆ ਜਾ ਸਕਦਾ ਹੈ।[2]

ਮੈਕਾਲੇ ਬਿੰਬ ਨੂੰ ਪਰਿਭਾਸ਼ਿਤ ਕਰਦਿਆਂ ਲਿਖਦਾ ਹੈ:

The act of doing with words what a painter does by means of his colours"[3]

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ

"ਬਿੰਬ ਕਵਿਤਾ ਦਾ ਉਹ ਅੰਸ਼ ਹੁੰਦਾ ਹੈ ਜੋ ਭਾਵ ਤੋਂ ਲੈਕੇ ਸ਼ੈਲੀ ਤਕ ਅਤੇ ਵਸਤੂ ਤੋਂ ਲੈ ਕੇ ਰੂਪ ਤਕ ਪਸਰਿਆ ਰਹਿੰਦਾ ਹੈ [4]

ਬਲਦੇਵ ਸਿੰਘ ਬੱਦਨ ਬਿੰਬ ਦੀ ਪਰਿਭਾਸ਼ਾ ਦਿੰਦੇ ਲਿਖਦੇ ਹਨ:

> ਕਾਵਿ-ਬਿੰਬ ਦੇ ਨਿਰਮਾਣ ਦੀ ਪ੍ਰਕਿਰਿਆ ਦਰਅਸਲ ਕਾਵਿ ਨਿਰਮਾਣ ਦੀ ਪ੍ਰਕਿਰਿਆ ਹੈ। ਇਹ ਕਵੀ ਦੇ ਚੇਤਨ ਅਤੇ ਅਚੇਤਨ ਮਨ ਦਾ ਨਿਰਮਾਣ ਹੈ। ਬਿੰਬ ਕਵੀ ਦੀ ਅਭਿਵਿਅਕਤੀ ਨੂੰ ਸੁਹਜ ਭਰਪੂਰ ਅਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ। ਬਿੰਬ ਕਵੀ ਦੇ ਆਵੇਗਮਈ ਭਾਵਨਾਤਮਕ ਪਲਾਂ ਦੀ ਅਭਿਵਿਅਕਤੀ ਵਿਚ ਸਹਾਈ ਹੁੰਦੇ ਹਨ। ਕਵੀ ਸੂਖਮ ਭਾਵਾਂ ਅਤੇ ਵਿਚਾਰਾਂ ਨੂੰ ਸਥੂਲ ਬਿੰਬਾਂ ਰਾਹੀਂ ਆਪਣੇ ਭਾਵਾਂ ਦਾ ਜਾਮਾ ਪੁਆ ਕੇ ਆਕਰਸ਼ਿਤ ਅਤੇ ਸੰਪ੍ਰੇਸ਼ਣੀਯ ਬਣਾਉਂਦਾ ਹੈ [5]

ਡਾ. ਨਗੇਂਦਰ ਬਿੰਬ ਦੀ ਪਰਿਬਾਸ਼ਾ ਦਿੰਦੇ ਲਿਖਦੇ ਹਨ, "ਕਾਵਿ ਬਿੰਬ ਸ਼ਬਦਾਰਥ ਦੇ ਮਾਧਿਅਮ ਨਾਲ ਕਲਪਨਾ ਦੁਆਰਾ ਨਿਰਮਿਤ ਇਕ ਐਸੀ ਮਾਨਸ ਛਵੀ (ਪ੍ਰਕਾਸ਼ ਜਾਂ ਆਭਾ) ਹੈ ਜਿਸਦੇ ਮੂਲ ਵਿਚ ਭਾਵ ਦੀ ਪ੍ਰੇਰਣਾ ਰਹਿੰਦੀ ਹੈ।"[6]

ਇਸ ਤਰ੍ਹਾਂ ਬਿੰਬ ਕਿਸੇ ਕਾਵਿ ਸਿਰਜਨਾ ਦੇ ਇਕ ਮੱਹਤਵਪੂਰਨ ਤੱਤ ਮੰਨੇ ਜਾਂਦੇ ਹਨ ਪਰ ਅਧਿਆਤਮਕ ਕਵਿਤਾ ਦੇ ਖੇਤਰ ਵਿਚ ਬਿੰਬਾਂ ਦਾ ਆਪਣਾ ਵਖਰਾ ਤੇ ਨਿਵੇਕਲਾ ਸਥਾਨ ਹੈ। ਅਧਿਆਤਮਕ ਭਾਵਾਂ ਵਿਚਲੀ ਗੰਭੀਰਤਾ, ਬਾਰੀਕੀ, ਸੂਖਮਤਾ ਤੇ ਡੂੰਘਿਆਈ ਨੂੰ ਬਿੰਬ ਹੀ ਸਪੱਸ਼ਟਤਾ ਸਹਿਤ ਪਾਠਕਾਂ ਤੱਕ ਪੁਚਾ ਸਕਦੇ ਹਨ। ਬਿੰਬਾਂ ਦੀ ਵਰਤੋਂ ਕਵੀ ਦੇ ਵਿਸ਼ਾਲ ਜੀਵਨ ਅਧਿਐਨ, ਉਸਦੀ ਕਲਪਨਾ ਉਡਾਰੀ ਅਤੇ ਉਸਦੇ ਵਿਸ਼ਾਲ ਤੇ ਡੂੰਘੇ ਗਿਆਨ ਉਤੇ ਅਧਾਰਿਤ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ ਸ਼ੇਖ ਫ਼ਰੀਦ ਕੇ ਸਿਰਲੇਖ ਹੇਠਾਂ ਦਰਜ ਫਰੀਦ ਬਾਣੀ ਵਿਚ ਸੁੰਦਰ ਬਿੰਬਾਵਲੀ ਦਾ ਉੱਤਮ ਨਮੂਨਾ ਦ੍ਰਿਸ਼ਟਮਾਨ ਹੁੰਦਾ ਹੈ। ਡਾ. ਤਾਰਨ ਸਿੰਘ ਇਸ ਸੰਬੰਧੀ ਵਿਚਾਰ ਕਰਦੇ ਲਿਖਦੇ ਹਨ:-

> ਬਾਬਾ ਫਰੀਦ ਜੀ ਦੀ ਰਚਨਾ ਨਾਲ ਇਕਦਮ ਪੰਜਾਬੀ ਦੀ ਅਧਿਆਤਮਕ ਤੇ ਰਹੱਸਵਾਦੀ ਬਾਣੀ ਦਾ ਠੁੱਕ ਬੱਝਦਾ ਹੈ। ਉਸਦਾ ਮੁਹਾਵਰਾ ਸਥਿਰ ਹੁੰਦਾ, ਉਸਦੀ ਬਿੰਬਾਵਲੀ ਕਾਇਮ ਹੁੰਦੀ ਹੈ ਅਤੇ ਅਦਭੁੱਤ ਚਿਤਰਕਲਾ ਪੰਜਾਬੀ ਕਾਵਿ ਵਿਚ ਪ੍ਰਗਟ ਹੁੰਦੀ ਹੈ, ਰੱਹਸਵਾਦੀ ਚਿੰਨ੍ਹ ਤੇ ਪ੍ਰਤੀਕ ਉਘੜ ਕੇ ਸਾਮ੍ਹਣੇ ਆਉਂਦੇ ਹਨ। ਜੋ ਰਹੱਸਵਾਦੀ ਬਿੰਬਾਵਲੀ ਫ਼ਰੀਦ ਜੀ ਨੇ ਵਰਤੀ ਗੁਰੂ ਸਾਹਿਬਾਨ ਨੇ ਉਸਦਾ ਅਨੁਸਰਣ ਕੀਤਾ ਅਤੇ ਉਸਨੂੰ ਗੁਰਬਾਣੀ ਵਿਚ ਪ੍ਰਵਾਨ ਕਰਕੇ ਅਮਰ ਕੀਤਾ। [7]

ਬਾਬਾ ਫ਼ਰੀਦ ਨੇ ਪ੍ਰਾਕਿਰਤੀ ਨੂੰ ਬੜਾ ਨੇੜਿਓਂ ਹੋ ਕੇ ਵੇਖਿਆ ਹੈ। ਪ੍ਰਾਕਿਰਤੀ ਦੇ ਹਰ ਕਾਰਜ ਨੂੰ ਮਹਿਸੂਸ ਕੀਤਾ ਅਤੇ ਮਾਣਿਆ। ਫ਼ਰੀਦ ਨੇ ਦੂਰ-ਦੂਰ ਤੱਕ ਸਫਰ ਕੀਤਾ। ਉਸਨੇ ਪ੍ਰਾਕਿਰਤੀ ਦੀ ਗੋਦੀ ਨੂੰ ਮਾਣਿਆ ਜੰਗਲਾਂ, ਜੂਹਾਂ, ਦਰਿਆਵਾਂ, ਪਸ਼ੂਆਂ, ਪੰਛੀਆਂ, ਨਦੀਆਂ, ਨਾਲਿਆਂ ਆਦਿ ਨਾਲ ਸਾਂਝ ਪਾਈ। ਇਸੇ ਪ੍ਰਾਕਿਰਤਕ ਅਨੁਭੂਤੀ ਨੂੰ ਕਵੀ ਨੇ ਅਧਿਆਤਮਕ ਭਾਵਾਂ ਦੀ ਅਭਿਵਿਅਕਤੀ ਦਾ ਸਾਧਨ ਬਣਾਇਆ। ਫ਼ਰੀਦ ਬਾਣੀ ਵਿਚ ਪ੍ਰਾਕਿਰਤਕ ਬਿੰਬਾਂ ਦੀ ਬਹੁਤਾਤ ਨਜ਼ਰੀ ਪੈਂਦੀ ਹੈ।

ਡਾ. ਤਾਰਨ ਸਿੰਘ ਫ਼ਰੀਦ ਬਾਣੀ ਵਿਚਲੀ ਪ੍ਰਾਕ੍ਰਿਤਕ ਬਿੰਬਾਵਲੀ ਉਤੇ ਵਿਚਾਰ ਕਰਦਿਆਂ ਲਿਖਦੇ ਹਨ:-

> ਫ਼ਰੀਦ ਬਿੰਬਾਵਲੀ ਸੰਕੇਤ ਕਰਦੀ ਹੈ ਕਿ ਘਰ ਤੋਂ ਪਰੇ ਦਾ ਭਾਵ ਫ਼ਰੀਦ ਜੀ ਨੂੰ ਨਿਕਟੀ ਤਜਰਬਾ ਹੈ। ਕੁਦਰਤ ਦੇ ਜੀਵਨ ਦਾ ਜਿਸ ਵਿਚੋਂ ਬਨਸਪਤੀ, ਪੰਛੀ ਤੇ ਪਾਣੀ (ਤਲ, ਸਰਵਰ, ਦਰਿਆ) ਦੁਆਲੇ ਆਪਨੇ ਬਹੁਤੇ ਅਲੰਕਾਰ ਉਸਾਰੇ ਹਨ। ਵਿਸ਼ਾਲ ਕੁਦਰਤ ਦਾ ਪ੍ਰਮਾਣ ਹੈ ਜਿਸਦੇ ਤਜਰਬੇ ਵਿਚੋਂ ਇਹ ਸਲੋਕ ਆਏ ਹਨ ਕਿ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ, ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ, ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ, ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜ ਪਾਹਿ। ਇਸੇ ਤਰ੍ਹਾਂ ਪੰਖੀਆਂ, ਪੰਛੀਆਂ, ਜੰਗਲ ਜਿਨਾ ਵਾਸ, ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ਦਾ ਵਰਣਨ ਉਨ੍ਹਾਂ ਦੇ ਅਲੰਕਾਰਾਂ ਵਿਚ ਹੈ। ਕਾਗ ਕਰੰਗ ਢੰਢੋਲਦਾ ਹੈ, ਕੋਇਲ ਆਪਣੇ ਪ੍ਰੀਤਮ ਦੇ ਬਿਰਹੇ ਕਾਲੀ ਦਿਸਦੀ ਹੈ, ਕਤਕ ਕੂੰਜਾਂ ਨੇ ਰੋਣਕ ਲਾਈ ਹੋਈ ਹੈ। ਹੰਸਾਂ ਦੀ ਬਗਲੇ ਰੀਸ ਕਰ ਰਹੇ ਹਨ; ਹੰਸਾਂ ਦੇਖ ਤੁਰੰਦਿਆ ਬਗਾ ਆਇਆ ਚਾਉ। ਕੁਦਰਤ ਜੀਵਨ ਵਿਚੋਂ ਹੀ ਫ਼ਰੀਦ ਜੀ ਨੂੰ ਤਜਰਬਾ ਹੈ ਕੰਢੀ ਉਤੇ ਰੁਖੜੇ ਦਾ, ਦਰਿਆਵੈ ਢਾਹ ( ਮਉਤੈ ਦਾ ਬੰਨਾ ਏਵੈ ਦਿਸੈ) ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ, ਲੰਮੀ ਲੰਮੀ ਨਦੀ ਵਹੈ, ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ, ਤਤੀ ਤੋਇ ਨ ਪਲਵੈ, ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ, ਕਲਰ ਕੇਰੀ ਛਪੜੀ ਆਇ ਉਲਥੇ ਹੰਝ ਆਦਿ ਦਾ। [8]

ਬਾਬਾ ਫ਼ਰੀਦ ਨੇ ਪ੍ਰਾਕਿਰਤਕ ਜੀਵਾਂ, ਨਦੀਆਂ, ਨਾਲਿਆਂ, ਬਿਰਛਾਂ ਦੇ ਕਾਰਜ ਨੂੰ ਵੇਖਿਆ ਤੇ ਮਹਿਸੂਸ ਕੀਤਾ ਕਵੀ ਨੇ ਜਿਥੇ ਕੁਦਰਤ ਵਿਚਲੀ ਸ਼ਾਂਤੀ ਨੂੰ ਚਿਤਰਿਆ ਹੈ। ਉਥੇ ਕੁਦਰਤ ਵਿਚ ਧੜਕਦੇ ਹੋਏ ਜੀਵਨ, ਇਸ ਵਿਚਲੀ ਹਿਲਜੁਲ ਤੇ ਤਰਲਤਾ ਨੂੰ ਵੀ ਰੂਪਮਾਨ ਕੀਤਾ ਹੈ। ਉਸਨੇ ਵਗਦੇ ਦਰਿਆ ਤੇ ਵਗਦੀਆਂ ਨਦੀਆਂ ਤੋਂ ਆਪਣੇ ਪਾਠਕ ਵਰਗ ਨੂੰ ਸਬਰ ਰਜ਼ਾ ਤੇ ਦੁੱਖ ਦੇ ਸੰਕਲਪ ਤੋਂ ਜਾਣੂੰ ਕਰਾਉਦਿਆਂ ਅਧਿਆਤਮਕ ਚੇਤਨਾ ਦਿੱਤੀ ਹੈ।

- ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ॥

  ਜਿਧਰਿ ਰਬ ਰਜਾਇ ਵਹਣ ਤਿਦਾਊ ਗਉ ਕਰੇ॥[9]

- ਸਬਰ ਏਹੁ ਸੁਆਉ ਜੇ ਤੂੰ ਬੰਦਾ ਦਿੜ੍ਹ ਕਰਹਿ॥

  ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥[10]

- ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ॥

  ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁ ਚੇਤਿ॥[11]

ਬਾਬਾ ਫ਼ਰੀਦ ਨੇ ਵਿਸ਼ਾਲ ਕੁਦਰਤ ਵਿਚ ਵਿਚਰਦਿਆ ਹੋਇਆਂ ਟੋਬਿਆਂ, ਅਤੇ ਛੱਪੜਾਂ ਦੇ ਚਿੱਤਰ ਖਿੱਚੇ ਹਨ। ਕਿਧਰੇ ਕਲਰ ਨਾਲ ਭਰੀ ਹੋਈ ਛੱਪੜੀ ਉਤੇ ਪੰਛੀ ਬੈਠੇ ਨਜ਼ਰੀ ਪੈਦੇ ਹਨ ਤੇ ਕਿਧਰੇ ਜੰਗਲਾਂ ਵਿਚ ਫਿਰਦੇ ਮਨੁੱਖ ਨਜ਼ਰੀ ਪੈਂਦੇ ਹਨ। ਕਿਤੇ ਫੁੱਲਾਂ ਦੀ ਖੁਸ਼ਬੋ ਦਾ ਅਹਿਸਾਸ ਹੁੰਦਾ ਹੈ। ਕਿਤੇ ਬਾਗ ਦਿਸਦੇ ਹਨ ਅਤੇ ਕਿਤੇ ਦਰਿਆਵਾਂ ਕੰਢੇ ਹੰਸ ਤੇ ਬਗਲੇ ਦ੍ਰਿਸ਼ਟਮਾਨ ਹੁੰਦੇ ਹਨ। ਇਸਤਰ੍ਹਾਂ ਲਗਦਾ ਹੈ ਕਿ ਕੁਦਰਤ ਵਿਚਲੀ ਸੁੰਦਰਤਾ ਨੇ ਫਰੀਦ ਦੀ ਪਰਮਾਤਮਾਈ ਬਿਰਹਾ ਵਿਚ ਸੜ੍ਹੀ ਹੋਈ ਜ਼ਿੰਦਗੀ ਨੂੰ ਆਨੰਦਿਤ ਕੀਤਾ ਹੈ। ਜਿਵੇ:-

- ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥

  ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥[12]

- ਕਲਰ ਕੇਰੀ ਛਪੜੀ ਆਇ ਉਲਥੇ ਹੰਝ ।।

  ਚਿੰਜੁ ਬੋੜਨਿ ਨ ਪੀਵਹਿ ਉਡਣ ਸੰਦੀ ਡੰਝ॥[13]

- ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ॥[14]

ਬਾਬਾ ਫ਼ਰੀਦ ਨੇ ਜੰਗਲ ਦੇ ਪੰਛੀਆਂ ਦੀਆ ਸੁਰੀਲੀਆਂ ਆਵਾਜ਼ਾਂ ਦੇ ਬਿੰਬ ਸਿਰਜੇ ਹਨ। ਕਿਤੇ ਉਡਦੀਆਂ ਕੂੰਜਾਂ ਤੇ ਪੱਕੀਆਂ ਸ਼ਾਖਾਵਾਂ ਸੰਸਾਰਕ ਚਲਾਇਮਾਨਤਾ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ ਅਤੇ ਕਿਤੇ ਕੋਇਲ ਦੀ ਸੁੰਦਰ ਤੇ ਮਿੱਠੀ ਆਵਾਜ਼ ਅਤੇ ਕਾਲਾ ਰੰਗ ਪਰਮਾਤਮਈ ਬਿਰਹਾ ਦੀ ਅਵਸਥਾ ਦਾ ਪ੍ਰਗਟਾਵਾ ਕਰਦਾ ਹੈ। ਜਿਵੇ:-

- ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥

  ਆਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥[15]

- ਕਤਕਿ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥

  ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥[16]

- ਫਰੀਦਾ ਰੁਤਿ ਫਿਰੀ ਵਣੁ ਕੰਬਿਆ, ਪਤ ਝੜੇ ਝੜਿ ਪਾਹਿ॥

  ਚਾਰੇ ਕੁੰਡਾ ਢੂੰਢੀਆਂ, ਰਹਣੁ ਕਿਥਾਊ ਨਾਹਿ ॥[17]

ਫ਼ਰੀਦ ਬਾਣੀ ਵਿਚ ਵੱਖ ਵੱਖ ਫੁੱਲਾਂ ਦਾ ਵਰਨਣ ਵੱਖ ਵੱਖ ਅਧਿਆਤਮਕ ਪਾਸਾਰਾਂ ਦੀ ਤਰਜਮਾਨੀ ਕਰਦਾ ਹੈ।- ਕਸੁੰਭੜੇ ਦਾ ਫੁੱਲ ਜਿਥੇ ਦੁਨੀਆਵੀ ਨਾਸ਼ਵਾਨਤਾ ਅਤੇ ਪਦਾਰਥਕ ਪ੍ਰਾਪਤੀਆਂ ਦੀ ਨਿਰਾਰਥਕਤਾ ਦੇ ਬਿੰਬ ਵਜੋਂ ਪੇਸ਼ ਹੋਇਆ ਹੈ। ਉਥੇ ਪਹਿਲੇ ਪਹਿਰ ਦੀ ਬੰਦਗੀ ਦੀ ਸਾਰਥਕਤਾ ਨੂੰ ਸਪਸ਼ਟ ਕਰਦਿਆਂ ਇਸ ਨੂੰ ਉਤਮ ਫੁੱਲ ਤੇ ਫੁੱਲ ਦੀ ਪ੍ਰਾਪਤੀ ਦੇ ਤੁਲ ਬਿਆਨਿਆ ਹੈ।

- ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥[18]
- ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥

  ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ॥[19]

ਬਾਬਾ ਫਰੀਦ ਨੇ ਜਿਥੇ ਪ੍ਰਾਕਿਰਤੀ ਦੇ ਹਰ ਕਾਰਜ ਨੂੰ ਨੇੜਿਉਂ ਮਹਿਸੂਸ ਕੀਤਾ ਅਤੇ ਉਸ ਕਾਰਜ ਦੇ ਮਾਧਿਅਮ ਰਾਹੀਂ ਆਪਣੇ ਅਧਿਆਤਮਕ ਭਾਵਾਂ ਦਾ ਪ੍ਰਗਟਾਵਾ ਕਰਦਿਆ ਮਨੁੱਖ ਮਾਤਰ ਨੂੰ ਪ੍ਰੇਰਣਾ ਦਿੱਤੀ ਉਥੇ ਕਵੀ ਨੇ ਮਨੁੱਖਾ ਜੀਵਨ ਨੂੰ ਵੀ ਬੜੀ ਬਾਰੀਕੀ ਨਾਲ ਵਾਚਿਆ ਅਤੇ ਮਨੁੱਖੀ ਜੀਵਨ ਸ਼ੈਲੀ ਨਾਲ ਸੰਬਧਤ ਬਿੰਬਾਂ ਅਤੇ ਘਰੋਗੀ ਬਿੰਬਾਂ ਰਾਹੀਂ ਆਪਣੇ ਅਧਿਆਤਮਕ ਭਾਵਾਂ ਦੀ ਅਭਿਵਿਅਕਤੀ ਕੀਤੀ ।

ਡਾ. ਤਾਰਨ ਸਿੰਘ ਫਰੀਦ ਬਾਣੀ ਵਿਚਲੇ ਘਹੰਗੀ ਬਿੰਬਾਂ ਸੰਬੰਧੀ ਵਿਚਾਰ ਕਰਦੇ ਲਿਖਦੇ ਹਨ:-

> ਫਰੀਦ ਬਿੰਬਾਵਲੀ ਨੂੰ ਵਿਚਾਰਿਆ ਪਤਾ ਲਗਦਾ ਹੈ ਕਿ ਸਭ ਤੋਂ ਵਧ ਤਜਰਬਾ ਤੇ ਘਰੋਗੀ ਸਧਾਰਨ ਜ਼ਾਤੀ ਜੀਵਨ ਦਾ ਹੀ ਹੈ ਜਿਸ ਵਿਚੋਂ ਰੋਟੀ, ਲਾਵਣ, ਭੁੱਖ, ਰੁੱਖੀ ਸੁੱਖੀ ਤੇ ਚੋਪੜੀ ਦਾ ਤਜਰਬਾ ਹੁੰਦਾ ਹੈ ਜਿਸ ਵਿਚ ਖਟੋਲਾ, ਵਾਣ ਵਿਛਾਈ ਤੇ ਲੇਫ ਦੀ ਵਰਤੋਂ ਹੈ ਜਿਸ ਵਿਚ

ਛਪਰ ਤੁਟੇ ਮੇਹ, ਕੋਠੇ ਧੁਕਣ ਕੇਤੜਾ ਦੀ ਸੋਝੀ ਹੈ ਜਿਥੇ ਸ਼ਕਰ, ਖੰਡ, ਨਿਵਾਤ, ਗੁੜ ਮਾਖਿਓ, ਮਾਝਾ ਦੁੱਧ, ਖਜੂਰੀ ਪੱਕੀਆਂ ਨਾਲ ਵਾਹ ਰਹਿੰਦਾ ਹੈ ਜਿਥੇ ਵਿਛੋੜੇ ਦੀਆਂ ਰਾਤਾਂ ਦਾ ਅਨੁਭਵ ਹੈ ਜਦੋਂ ਪਾਸੇ ਧੁਖਦੇ ਹਨ, ਅੰਗ ਮੁੜਦੇ ਹਨ ਤੇ ਕਦੇ ਮਿਲਾਪ ਵਿਚ ਸੀਆਲੇ ਸੁਹੰਦੀਆ ਗਲ ਬਾਹੜੀਆਂ ਹਨ ਜਿਥੇ ਕਦੇ ਕਦੇ ਨਿਰਾਸਤਾ ਹੈ ਕਿ ਨਾਤੀ ਧੋਤੀ ਸੰਬਹੀ ਪਰ ਮਿਲਾਪ ਨਹੀਂ ਹੈ ਜਿਥੇ ਕਥੂਰੀ ਤੇ ਹਿੰਙ ਦੇ ਭੇਦ ਦੀ ਸੂਝ ਹੈ ਜਿਥੇ ਬੁਢੇਪੇ ਦੀ ਬੇਬਸੀ ਹੈ ਕਿ ਨੇੜੇ ਪਿਆ ਕੁੱਜਾ ਸੌ ਕੋਹਾਂ ਤੇ ਪ੍ਰਤੀਤ ਹੁੰਦਾ ਹੈ ਜਿਥੇ ਤਨ ਸੁਕਾ ਪਿੰਜਰ ਥੀਆ ਹੈ ਜਿਥੇ ਲੋਕ ਪੱਗ ਦੀ ਸੰਭਾਲ ਕਰਦੇ ਭੁਲ ਜਾਂਦੇ ਹਨ ਕਿ ਸਿਰੁ ਭੀ ਮਿਟੀ ਖਾ ਜਾਏਗਾ, ਜਿਥੇ ਨਗਰ ਦੇ ਘੜਿਆਲ ਦੀ ਵਾਜ ਪਹਰ ਪਹਰ ਮਗਰੋਂ ਕੰਨੀ ਪੈਦੀ ਹੈ ਜਿਥੇ ਗ੍ਰਹਸਤੀ ਜੀਵਨ ਵਿਚ ਹੀ ਵਿਆਹ ਦੇ ਸਾਹ ਤੇ ਤਿਲਵੇਤਰੇ ਦੀ ਰਸਮ, ਸਹੁ ਨਢਣੇ ਦਾ ਪਤਾ, ਲੜ ਗੰਢ, ਸਹੁਰੇ-ਪੇਕੇ ਸੰਬੰਧ ਦਾ ਪਤਾ ਲਗਦਾ ਹੈ ਗ੍ਰਹਸਤੀ ਜੀਵਨ ਦਾ ਹੀ ਤਜਰਬਾ ਹੈ, ਕਪਾਹ, ਤਿਲਾਂ, ਕਮਾਦ ਦੀ ਵਰਤੋਂ ਦਾ ਕੋਠੇ, ਮੰਡਪ, ਮਾੜੀਆਂ ਦੇ ਦ੍ਰਿਸ਼ ਸ਼ਹਿਰ ਵਿਚ ਮਿਲ ਜਾਂਦੇ ਹਨ।[20]

ਫ਼ਰੀਦ ਬਾਣੀ ਵਿਚ ਘਰੋਗੀ ਜੀਵਨ ਵਿਚਲੇ ਪਦਾਰਥਾਂ ਦੁੱਖਾਂ, ਸੁੱਖਾਂ ਮਿਲਾਪ, ਵਿਛੋੜੇ ਆਦਿ ਨੂੰ ਬੜਾ ਬਾਰੀਕੀ ਨਾਲ ਚਿਤਰਿਆ ਹੈ। ਸੂਫੀ ਭਾਵਾਂ ਦੇ ਪ੍ਰਗਟਾਵੇ ਲਈ ਗੁੜ, ਮਾਖਿਉਂ, ਖਜੂਰ, ਹਿੰਬ, ਕਸਤੂਰੀ ਆਦਿ ਦੇ ਬਿੰਬ ਪੇਸ਼ ਕੀਤੇ ਹਨ।

- ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥

  ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥[21]

- ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ॥

  ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥ [22]

- ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ

  ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ ॥[23]

ਫਰੀਦ ਨੇ ਜੀਵਨ ਵਿਚ ਕੀਤੇ ਜਾਣ ਵਾਲੇ ਮਾੜੇ ਅਮਲਾਂ ਦੀ ਮਿਲਣ ਵਾਲੀ ਸਜ਼ਾ ਨੂੰ ਕਾਗਜ਼, ਕਪਾਹ ਤੇ ਤਿਲਾਂ ਦੇ ਬਿੰਬ ਰਾਹੀਂ ਅਭਿਵਿਅਕਤ ਕੀਤਾ ਹੈ। ਜ਼ਿੰਦਗੀ ਵਿਚ ਪ੍ਰਭੂ ਵਿਛੋੜੇ ਕਾਰਨ ਪੈਦਾ ਹੋਈ ਨਿਰਾਸ਼ਾ ਨੂੰ ਮੰਜੇ ਤੇ ਵਾਣ ਦੇ ਬਿੰਬ ਰਾਹੀਂ ਉਜਾਗਰ ਕੀਤਾ ਹੈ ਜਿਵੇ:

- ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹ ਵਿਛਾਵਣ ਲੇਫੁ ॥

  ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥[24]

ਕਵੀ ਨੇ ਸਮਾਜਿਕ ਜੀਵਨ ਨਾਲ ਸੰਬੰਧਤ ਰਸਮਾਂ ਰੀਤਾਂ ਨੂੰ ਵੀ ਬਿੰਬਾਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਭਾਰਤੀ ਸਭਿਆਚਾਰ ਮੁਤਾਬਕ ਵਰ ਤੇ ਲਾੜੀ ਦੇ ਵਿਆਹ ਦਾ ਦਿਨ ਪਹਿਲਾਂ ਹੀ ਨਿਸਚਿਤ ਕਰ ਦਿੱਤਾ ਜਾਂਦਾ ਹੈ। ਲਾਵਾਂ ਸਮੇਂ ਲਾੜੀ ਦੇ ਦੁਪੱਟੇ ਦੀ ਗੰਢ ਲਾੜੇ ਦੇ ਪੱਲੇ ਨਾਲ ਬੰਨ੍ਹ ਦਿੱਤੀ ਜਾਂਦੀ ਹੈ। ਨਿਸਚਿਤ ਸਮੇਂ ਤੇ ਆਇਆ ਲਾੜਾ ਲਾੜੀ ਨੂੰ ਪਰਣਾ ਕੇ ਲੈ ਜਾਂਦਾ ਹੈ। ਬਾਬਾ ਫ਼ਰੀਦ ਨੇ ਮੌਤ ਦੇ ਅਟੱਲ ਸੱਚ ਦੇ ਸੰਦਰਭ ਵਿਚ ਜੀਵ ਆਤਮਾ ਰੂਪੀ ਲਾੜੀ ਨੂੰ ਮੌਤ ਰੂਪੀ ਲਾੜੇ ਵਲੋਂ ਪਰਣਾ ਕੇ ਲਿਜਾਉਣ ਦੇ ਬਿੰਬ ਨੂੰ ਦ੍ਰਿਸ਼ਟਮਾਨ ਕੀਤਾ ਹੈ।

- ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥

  ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥

  ਜਿੰਦੁ ਨਿਮਾਣੀ ਕਢੀਐ ਹਡਾ ਕੁ ਕੜਕਾਇ॥

  ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥

  ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥[25]

- ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ॥

  ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥[26]

ਸਮਾਜਿਕ ਰਿਸ਼ਤਿਆਂ ਵਿਚ ਪਤੀ ਪਤਨੀ ਦਾ ਰਿਸ਼ਤਾ ਵਧੇਰੇ ਨੇੜਤਾ ਤੇ ਮਹੱਤਤਾ ਦਾ ਧਾਰਨੀ ਹੈ। ਆਤਮਾ ਤੇ ਪਰਮਾਤਮਾ ਦੇ ਮਿਲਾਪ ਲਈ ਇਸ ਨੂੰ ਵਿਸ਼ੇਸ਼ ਬਿੰਬ ਵਜੋਂ ਵਰਤਿਆ ਹੈ

- ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥

  ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣ ਵਿਹਾਇ॥[27]

- ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥[28]

'ਛੈਲ' ਤੇ ਗੋਰੀ ਸ਼ਬਦ ਨੂੰ ਬਿੰਬ ਦੇ ਤੌਰ ਤੇ ਵਰਤਿਆ ਹੈ ਇਥੇ 'ਛੈਲ' ਸ਼ਬਦ ਦਰਵੇਸ਼ ਦੇ ਸੰਕਲਪ ਵਜੋਂ ਅਭਿਵਿਅਕਤ ਹੋ ਰਿਹਾ ਹੈ:-

- ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥[29]

ਫ਼ਰੀਦ ਬਾਣੀ ਵਿਚ ਲੋਕ ਤੇ ਪਰਲੋਕ ਨੂੰ ਦਰਸਾਉਣ ਲਈ ਪੇਕੇ ਘਰ ਤੇ ਸਹੁਰੇ ਘਰ ਨੂੰ ਬਿੰਬ ਵਜੋਂ ਵਰਤਿਆ ਹੈ। ਗੁਰਮੁਖ ਤੇ ਮਨਮੁਖ ਨੂੰ ਸੋਹਾਗਣ ਤੇ ਦੋਹਾਗਣ ਦੇ ਬਿੰਬ ਵਜੋਂ ਪੇਸ਼ ਕੀਤਾ ਹੈ।

- ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ

  ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥[30]

- ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥

  ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ॥[31]

- ਫਰੀਦ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ॥ [32]

ਘਰੋਗੀ ਵਸਤਾਂ ਭਾਂਡੇ ਪਿਆਲੇ, ਕੁੰਨਾ, ਘੜੀ, ਤੰਦੂਰ, ਬਾਲਣ ਘੜਾ ਆਦਿ ਨੂੰ ਅਧਿਆਤਮਕ ਭਾਵਾਂ ਦੇ ਪ੍ਰਗਟਾਵੇ ਲਈ ਬਿੰਬ ਵਜੋਂ ਸਿਰਜਿਆ ਹੈ:-

- ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ॥[33]
- ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥[34]
- ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ॥[35]

ਫ਼ਰੀਦ ਬਾਣੀ ਵਿਚ ਜਿਥੇ ਪ੍ਰਾਕ੍ਰਿਤਕ ਅਤੇ ਘਰੋਗੀ ਜੀਵਨ ਸ਼ੈਲੀ ਅਤੇ ਵਾਤਾਵਰਣ ਨਾਲ ਸੰਬੰਧਤ ਬਿੰਬ ਪੇਸ਼ ਹੁੰਦੇ ਹਨ। ਉਥੇ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਨਾਲ ਸੰਬੰਧਤ ਬਿੰਬ ਵੀ ਮਿਲਦੇ ਹਨ। ਬਿੰਬ ਮੂਲ ਰੂਪ ਵਿਚ ਇੰਦ੍ਰਿਆਵੀ ਬੋਧ ਨੰ ਉਜਾਗਰ ਕਰਦੇ ਹੋਏ ਉਸਨੂੰ ਕਿਰਿਆਸ਼ੀਲ ਰੱਖਦੇ ਹਨ। ਅੱਖਾਂ, ਨੱਕ, ਕੰਨ, ਜ਼ਬਾਨ ਤੇ ਚਮੜੀ ਨਾਲ ਸੰਬੰਧਤ ਪੰਜ ਤਰ੍ਹਾਂ ਦੇ ਬਿੰਬ- ਦ੍ਰਿਸ਼ ਹੋਏ ਬਿੰਬ ਜਾਂ ਸ਼ਬਦ ਬਿੰਬ, ਨਾਦ ਬਿੰਬ, ਰਸ ਬਿੰਬ, ਗੰਧ ਬਿੰਬ ਅਤੇ ਸਪਰਸ਼ ਬਿੰਬ ਪੈਦਾ ਹੁੰਦੇ ਹਨ।

ਫ਼ਰੀਦ ਬਾਣੀ ਵਿਚ ਦ੍ਰਿਸ਼ ਬਿੰਬਾਂ ਦੀ ਭਰਮਾਰ ਮਿਲਦੀ ਹੈ । ਇਹ ਬਿੰਬ ਵਧੇਰੇ ਮਹਾਨਤਾ ਦਾ ਲਖਾਇਕ ਹੈ। ਜੰਗਲ ਵਿਚ ਲੋਹਾਰ ਦਾ ਦ੍ਰਿਸ਼ ਅਤੇ ਮੌਤ ਰੂਪੀ ਸੱਚ ਦੀ ਪੇਸ਼ਕਾਰੀ ਕਰਦਿਆਂ ਮੌਤ ਦੇ ਦੇਵਤੇ ਨੂੰ ਧਾੜਵੀ ਵਜੋਂ ਪੇਸ਼ ਕੀਤਾ ਹੈ ਜਿਸਦਾ ਸਫਲ ਚਿਤਰ ਅੱਖਾਂ ਸਾਹਮਣੇ ਸਾਕਾਰ ਹੋ ਜਾਂਦਾ ਹੈ। ਜਿਵੇ:-

- ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ॥[36]
- ਫਰੀਦਾ ਦਰੀਆਵੈ ਕੰਨੑੈ ਬਗੁਲਾ ਬੈਠਾ ਕੇਲ ਕਰੇ॥

  ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥ [37]

- ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥[38]

ਫ਼ਰੀਦ ਬਾਣੀ ਵਿਚ ਵੱਖ-ਵੱਖ ਰਸ ਬਿੰਬਾਂ ਦੀ ਵਰਤੋਂ ਹੋਈ ਮਿਲਦੀ ਹੈ। ਦੁਨੀਆਵੀ ਪਦਾਰਥ ਖੰਡ ਵਿਚ ਗਲੇਫੀਆਂ ਜ਼ਹਿਰੀ ਗੰਦਲਾ ਦੇ ਸਮਾਨ ਹਨ। ਦੁਨੀਆਵੀ ਵਸਤਾਂ ਵਿਚਲੀ ਮਿਠਾਸ ਪਰਮਾਤਮਾ ਤੱਕ ਪਹੁਚਾਣ ਵਿਚ ਸਹਾਈ ਨਹੀਂ ਹੁੰਦੀ।

- ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥[39]
- ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥[40]

ਫਰੀਦ ਬਾਣੀ ਵਿਚ ਨਾਦ ਬਿੰਬ ਸਿਰਜੇ ਮਿਲਦੇ ਹਨ। ਕੂਕਾਂ ਦੀ ਆਵਾਜ਼ ਸੁਵਾਈ ਦਿੰਦੀ ਹੈ

- ਫਰੀਦਾ ਕੂਕੇਦਿਆ ਚਾਗੇਂਦਿਆਂ ਮਤੀ ਦੇਦਿਆ ਨਿਤ ॥[41]

ਫਰੀਦ ਬਾਣੀ ਵਿਚੋਂ ਗੁਰਮੁਖ ਜੀਵਨ ਜਾਚ ਰੂਪੀ ਫੁੱਲਾਂ ਦੀ ਖੁਸ਼ਬੂ ਅਤੇ ਮਨਮੁਖਤਾ ਜੀਵਨ ਨੂੰ ਦਰਸਾਉਂਦੀ ਹਿੰਙ ਦੀ ਵਾਸ਼ਨਾ ਦਾ ਅਹਿਸਾਸ ਹੁੰਦਾ ਹੈ।

- ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥[42]
- ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥[43]

ਸਪਰਸ਼ ਬਿੰਬ ਦੀਆ ਉਤਮ ਉਦਾਹਰਣਾਂ ਫਰੀਦ ਬਾਣੀ ਵਿਚੋਂ ਮਿਲਦੀਆਂ ਹਨ। ਜਿਵੇਂ:-

- ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥[44]
- ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥[45]

ਡਾ. ਦਲੀਪ ਸਿੰਘ ਦੀਪ ਫਰੀਦ ਬਾਣੀ ਵਿਚਲੀ ਬਿੰਬਾਵਲੀ ਉਤੇ ਵਿਚਾਰ ਕਰਦਿਆਂ ਲਿਖਦੇ ਹਨ, ਬਾਬਾ ਫ਼ਰੀਦ ਪੰਜਾਬੀ ਦਾ ਪਹਿਲਾ ਕਵੀ ਹੈ ਜਿਥੇ ਉਸਦੇ ਵਿਚਾਰ ਮੱਧਕਾਲ ਦੇ ਕਵੀਆ ਵਾਲੇ ਜਾਪਦੇ ਹਨ, ਜਿਥੇ ਉਸਦੀ ਬੋਲੀ ਵੀ ਇਸੇ ਕਾਲ ਦੀ ਪ੍ਰਤੀਤ ਹੁੰਦੀ ਹੈ, ਉਥੇ ਉਸਦੀ ਬਿੰਬ ਯੋਜਨਾ ਵੀ ਇਸੇ ਸਮੇਂ ਦੀ ਜਾਪਦੀ ਹੈ । ਬਾਬਾ ਫ਼ਰੀਦ ਮਹਾਨ ਸ਼ਖ਼ਸੀਅਤ ਸੀ। ਉਹ ਬਹੁਪੱਖੀ ਗਿਆਨ ਨਾਲ ਸੰਪੰਨ ਸੀ। ਰੱਹਸਵਾਦੀ ਹੋਣ ਕਰਕੇ ਉਹ ਨਿੱਜੀ ਅਨੁਭਵ ਰੱਖਦਾ ਸੀ, ਕਲਪਨਾ ਉਸਦੀ ਉਚਤਮ ਕਵੀਆਂ ਵਾਲੀ ਸੀ, ਉਸਤਾਦ ਸੀ। ਜੇ ਥੋੜੇ ਸਮੇਂ ਵਿਚ ਪੰਜਾਬੀ ਸਾਹਿਤ ਦਾ ਫ਼ਖ਼ਰਯੋਗ ਮਹਲ ਉਸਰਿਆ ਤਾਂ ਉਸ ਦਾ ਸ਼ੇਅ ਫਰੀਦ ਨੂੰ ਪ੍ਰਾਪਤ ਹੈ ਜਿਸਨੇ ਇਕ ਚੰਗੇ ਕਾਰੀਗਰ ਵਾਂਗ ਇਸਦੀ ਨਿੱਗਰ ਬੁਨਿਆਦ ਰੱਖੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਬਾ ਫਰੀਦ ਦੇ ਸ਼ਬਦਾਂ ਅਤੇ ਸ਼ਲੋਕਾਂ ਦਾ ਅਧਿਅਨ ਸਕਦਾ ਹੈ ਕਿ ਉਸਦੀ ਸ਼ੈਲੀ ਵਧੇਰੇ ਕਰਕੇ ਬਿੰਬਮਈ ਹੀ ਹੈ। ਉਹ ਆਪਣੇ ਵਿਚਾਰ ਨੂੰ ਕਿਸੇ ਅਲੰਕਾਰ ਜਾਂ ਪ੍ਰਤੀਕ ਰਾਹੀਂ ਹੀ ਬਿੰਬਾਕਣ ਕਰਦਾ ।[46]

ਉਪਰੋਕਤ ਅਧਿਐਨ ਵਿਚ ਸਪਸ਼ਟ ਕਰਦਾ ਹੈ ਕਿ ਫਰੀਦ ਬਾਣੀ ਵਿਚ ਵੱਖ ਵੱਖ ਤਰ੍ਹਾਂ ਦੇ ਬਿੰਬਾਂ ਦਾ ਖੂਬਸੂਰਤ ਚਿਤਰਣ ਹੋਇਆ ਮਿਲਦਾ ਹੈ। ਹਰ ਸਲੋਕ ਤੇ ਸ਼ਬਦ ਵਿਚ ਇਕ ਉਤਮ ਬਿੰਬ ਸਿਰਜਿਆਂ ਮਿਲਦਾ ਹੈ। ਫਰੀਦ ਬਾਣੀ ਬਿੰਬਾਵਲੀ ਪੱਖੋਂ ਵੱਖ-ਵੱਖ ਰੰਗਾਂ ਦੀ ਚਿਤਰਸ਼ਾਲਾ ਜਾਪਦੀ ਹੈ।

## ਹਵਾਲੇ ਤੇ ਟਿੱਪਣੀਆ


1. C D Lewis, *The poetic image* (Page 19)

2. ਡਾ. ਸਤਿੰਦਰ ਸਿੰਘ, ਵਿਹਾਰਕ ਸਮੀਖਿਆ, (ਪੰਨਾ 39)

3. ਮੈਕਾਲੇ, ਵਿਹਾਰਕ ਸਮੀਖਿਆ ( ਕਰਤਾ ਡਾ. ਸਤਿੰਦਰ ਸਿੰਘ, ਪੰਨਾ 40 ਤੋਂ ਉਧਰਿਤ)

4. ਡਾ. ਪ੍ਰੇਮ ਪ੍ਰਕਾਸ਼ ਸਿੰਘ, ਮੋਹਨ ਸਿੰਘ ਦਾ ਕਾਵਿ ਲੋਕ, ਪੰਨਾ 210

5. ਬਲਦੇਵ ਸਿੰਘ ਬੱਦਨ, ਪੰਜਾਬੀ ਸੂਫੀ ਕਵਿਤਾ ਬਿੰਬ ਵਿਧਾਨ ਪੰਨਾ 1

6. ਡਾ. ਨਗੈਦਰ, ਕਾਵਿ- ਬਿੰਬ (ਕਰਤਾ ਡਾ. ਦਲੀਪ ਸਿੰਘ ਦੀਪ) ਪੰਨਾ 8 ਤੋਂ ਉਧਰਿਤ

7. ਡਾ. ਤਾਰਨ ਸਿੰਘ, "ਸ਼ੇਖ ਫ਼ਰੀਦ ਰਚਨਾ; ਬਿੰਬਾਵਲੀ ਤੇ ਚਿੰਤਨ" ਬਾਬਾ ਫ਼ਰੀਦ ਖੋਜ ਪਤ੍ਰਿਕਾ: ਵਿਸ਼ੇਸ਼ ਅੰਕ, ਪੰਨਾ 63

8. ਉਹੀ, ਪੰਨਾ 73

9. ਗੁਰੂ ਗ੍ਰੰਥ ਸਾਹਿਬ, ਪੰਨਾ 1382

10. ਗੁਰੂ ਗ੍ਰੰਥ ਸਾਹਿਬ, ਪੰਨਾ 1384

11. ਗੁਰੂ ਗ੍ਰੰਥ ਸਾਹਿਬ, ਪੰਨਾ 1382

12. ਗੁਰੂ ਗ੍ਰੰਥ ਸਾਹਿਬ, ਪੰਨਾ 1378

13. ਗੁਰੂ ਗ੍ਰੰਥ ਸਾਹਿਬ, ਪੰਨਾ 1381

14. ਗੁਰੂ ਗ੍ਰੰਥ ਸਾਹਿਬ, ਪੰਨਾ 1371

15. ਗੁਰੂ ਗ੍ਰੰਥ ਸਾਹਿਬ, ਪੰਨਾ 794

16. ਗੁਰੂ ਗ੍ਰੰਥ ਸਾਹਿਬ, ਪੰਨਾ 488

17. ਗੁਰੂ ਗ੍ਰੰਥ ਸਾਹਿਬ, ਪੰਨਾ 1383

18. ਗੁਰੂ ਗ੍ਰੰਥ ਸਾਹਿਬ, ਪੰਨਾ 794

19. ਗੁਰੂ ਗ੍ਰੰਥ ਸਾਹਿਬ, ਪੰਨਾ 1384

20. ਗੁਰੂ ਗ੍ਰੰਥ ਸਾਹਿਬ, ਪੰਨਾ 1379

21. ਗੁਰੂ ਗ੍ਰੰਥ ਸਾਹਿਬ, ਪੰਨਾ 1379

22. ਗੁਰੂ ਗ੍ਰੰਥ ਸਾਹਿਬ, ਪੰਨਾ 1379

23. ਗੁਰੂ ਗ੍ਰੰਥ ਸਾਹਿਬ, ਪੰਨਾ 1382

24. ਗੁਰੂ ਗ੍ਰੰਥ ਸਾਹਿਬ, ਪੰਨਾ 1379

25. ਗੁਰੂ ਗ੍ਰੰਥ ਸਾਹਿਬ, ਪੰਨਾ 1377

26. ਗੁਰੂ ਗ੍ਰੰਥ ਸਾਹਿਬ, ਪੰਨਾ 1378

27. ਗੁਰੂ ਗ੍ਰੰਥ ਸਾਹਿਬ, ਪੰਨਾ 1379

28. ਗੁਰੂ ਗ੍ਰੰਥ ਸਾਹਿਬ, ਪੰਨਾ 1378

29. ਗੁਰੂ ਗ੍ਰੰਥ ਸਾਹਿਬ, ਪੰਨਾ 488

30. ਗੁਰੂ ਗ੍ਰੰਥ ਸਾਹਿਬ, ਪੰਨਾ 1379

31. ਗੁਰੂ ਗ੍ਰੰਥ ਸਾਹਿਬ, ਪੰਨਾ 1379

32. ਗੁਰੂ ਗ੍ਰੰਥ ਸਾਹਿਬ, ਪੰਨਾ 1381

33. ਗੁਰੂ ਗ੍ਰੰਥ ਸਾਹਿਬ, ਪੰਨਾ 1384

34. ਗੁਰੂ ਗ੍ਰੰਥ ਸਾਹਿਬ, ਪੰਨਾ 1381

35. ਗੁਰੂ ਗ੍ਰੰਥ ਸਾਹਿਬ, ਪੰਨਾ 1381

36. ਗੁਰੂ ਗ੍ਰੰਥ ਸਾਹਿਬ, ਪੰਨਾ 1380

37. ਗੁਰੂ ਗ੍ਰੰਥ ਸਾਹਿਬ, ਪੰਨਾ 1383

38. ਗੁਰੂ ਗ੍ਰੰਥ ਸਾਹਿਬ, ਪੰਨਾ 1380

39. ਗੁਰੂ ਗ੍ਰੰਥ ਸਾਹਿਬ, ਪੰਨਾ 1379

40. ਗੁਰੂ ਗ੍ਰੰਥ ਸਾਹਿਬ, ਪੰਨਾ 1379

41. ਗੁਰੂ ਗ੍ਰੰਥ ਸਾਹਿਬ, ਪੰਨਾ 1378

42. ਗੁਰੂ ਗ੍ਰੰਥ ਸਾਹਿਬ, ਪੰਨਾ 1384

43. ਗੁਰੂ ਗ੍ਰੰਥ ਸਾਹਿਬ, ਪੰਨਾ 1379

44. ਗੁਰੂ ਗ੍ਰੰਥ ਸਾਹਿਬ, ਪੰਨਾ 1382

45. ਗੁਰੂ ਗ੍ਰੰਥ ਸਾਹਿਬ, ਪੰਨਾ 1381

46. ਡਾ ਦਲੀਪ ਸਿੰਘ, ਬਾਬਾ ਫ਼ਰੀਦ ਦੇ ਕਾਵਿ- ਬਿੰਬ" ਬਾਬਾ ਫ਼ਰੀਦ ਖੋਜ ਪਤ੍ਰਿਕਾ: ਵਿਸ਼ੇਸ਼ ਅੰਕ ਪੰਨਾ 150-151

**ਪੁਸਤਕ-ਸੂਚੀ**


1. ਅਜੀਤ ਕੌਰ (ਡਾ.): ਸੂਫੀਵਾਦ ਵਿਚ ਵਿਦਰੋਹੀ ਸੁਰ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ 2005

2. ਸੁਰਿੰਦਰ ਸਿੰਘ ਕੋਹਲੀ (ਡਾ.) (ਸੰਪਾ.): ਬਾਬਾ ਫ਼ਰੀਦ ਜੀਵਨ ਸਮਾਂ ਅਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975

3. ਹਰਪ੍ਰੀਤ ਰੂਬੀ (ਡਾ.): ਪੰਜਾਬੀ ਸੂਫੀ ਕਾਵਿ ਰੂਪ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2010

4. ਗੁਲਜ਼ਾਰ ਸਿੰਘ ਕੰਗ (ਡਾ.): ਸੂਫੀਮਤ ਸਿਲਸਿਲੇ ਅਤੇ ਸਾਧਕ, ਲਾਹੌਰ ਬੁੱਕ ਸ਼ਾਪ ਲੁਧਿਆਣਾ, 2002

5. ਜਗਜੀਤ ਸਿੰਘ (ਡਾ.): ਪੰਜਾਬੀ ਸੂਫੀ ਕਾਵਿ ਪ੍ਰਵਚਨ, ਬਲਵੰਤ ਪਰਕਾਸ਼ਨ ਜਲੰਧਰ, 2000

6. ਉਹੀ: ਸ਼ੇਖ ਫ਼ਰੀਦ ਦਾ ਕਾਵਿ ਪ੍ਰਵਚਨ, ਵਾਰਿਸ ਸ਼ਾਹ ਫਾਉਡੇਸ਼ਨ ਅੰਮ੍ਰਿਤਸਰ, 2005

7. ਡਾ ਦਲੀਪ ਸਿੰਘ ਦੀਪ : ਕਾਵਿ ਬਿੰਬ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1976

8. ਰਤਨ ਸਿੰਘ ਜੱਗੀ (ਡਾ.): ਸ਼ੇਖ ਫ਼ਰੀਦ ਜੀਵਨ ਚਿੰਤਨ ਅਤੇ ਬਾਣੀ, ਆਰਸੀ ਪਬਲਿਸ਼ਰਜ਼, ਦਿੱਲੀ, 2009

## ਰਸਾਲੇ ਤੇ ਪਤ੍ਰਿਕਾਵਾਂ

1. ਆਲੋਚਨਾ ਭਾਰਤੀ ਸੂਫੀ ਸਾਹਿਤ ਵਿਸ਼ੇਸ਼ ਅੰਕ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, 2009

2. ਭਾਬਾ ਫ਼ਰੀਦ ਖੋਜ ਪੱਤ੍ਰਿਕਾ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ